# ਵੋਟ ਕਿਵੇਂ ਪਾਉਣੀ ਹੈ

ਅੰਗਰੇਜ਼ੀ

# ਵਿਸ਼ਾ ਸੂਚੀ

ਵੋਟ ਕਿਵੇਂ ਪਾਉਣੀ ਹੈ/ਅੰਗਰੇਜ਼ੀ

# ਵੋਟ ਕਿਵੇਂ ਪਾਉਣੀ ਹੈ

## ਯੋਗਤਾਵਾਂ

ਤੁਸੀਂ ਟੋਰਾਂਟੋ ਦੀ ਮਿਉਨਿਸਿਪਲ ਚੋਣ ਵਿਚ ਵੋਟ ਪਾ ਸਕਦੇ ਹੋ ਜੇਕਰ:

- ਤੁਸੀਂ ਕਨੇਡਾ ਦੇ ਨਾਗਰਿਕ ਹੋ; ਅਤੇ
- ਤੁਸੀਂ ਘੱਟੋ-ਘੱਟ 18 ਸਾਲ ਦੇ ਹੋ; ਅਤੇ
- ਤੁਸੀਂ ਟੋਰਾਂਟੋ ਸ਼ਹਿਰ ਦੇ ਵਸਨੀਕ ਹੋ; ਜਾਂ
- ਤੁਸੀਂ ਟੋਰਾਂਟੋ ਦੇ ਵਸਨੀਕ ਨਹੀਂ ਹੋ, ਪਰ ਤੁਸੀਂ ਜਾਂ ਤੁਹਾਡਾ ਜੀਵਨ ਸਾਥੀ ਸ਼ਹਿਰ ਦੇ ਵਿਚ ਸੰਪੱਤੀ ਦਾ ਮਾਲਕ ਹੈ ਜਾਂ ਤੁਹਾਡੇ ਦੋਵਾਂ ਵਿਚੋਂ ਕਿਸੇ ਨੇ ਸੰਪਤੀ ਨੂੰ ਕਿਰਾਏ ਤੇ ਦਿੱਤਾ ਹੈ; ਅਤੇ
- ਤੁਹਾਨੂੰ ਵੋਟ ਪਾਉਣ ਤੋਂ ਮਨਾਹੀ ਨਹੀਂ ਹੈ।


ਸ਼ਹਿਰ ਦੇ ਵਿਚ ਤੁਹਾਡੀਆਂ ਸੰਪਤੀ ਜਾਂ ਤੁਹਾਡੇ ਦੁਆਰਾ ਕਿਰਾਏ ਤੇ ਦਿੱਤੀਆਂ ਸੰਪਤੀਆਂ ਦੀ ਸੰਖਿਆ ਤੇ ਧਿਆਨ ਦਿੱਤੇ ਬਿਨਾ ਤੁਸੀਂ ਟੋਰਾਂਟੋ ਦੇ ਸ਼ਹਿਰ ਦੀ ਮਿਉਨਿਸਿਪਲ ਚੋਣ ਦੇ ਵਿਚ ਕੇਵਲ ਇੱਕ ਵਾਰ ਵੋਟ ਪਾ ਸਕਦੇ ਹੋ ।

## ਵੋਟ ਪਾਉਣੀ

ਚੋਣ ਅਧਿਕਾਰੀ ਹੇਠ ਲਿਖੇ ਕੰਮ ਕਰੇਗਾ:

- ਤੁਹਾਡਾ ਸੁਆਗਤ ਕਰੇਗਾ ਅਤੇ ਤੁਹਾਨੂੰ ਉਹ ਸਥਾਨ ਦੱਸੇਗਾ ਜਿਥੇ ਤੁਸੀਂ ਜਾਣਾ ਹੈ
- ਤੁਹਾਡਾ ਪਛਾਣ ਪੱਤਰ ਮੰਗੇਗਾ ਜਿਸ ਵਿਚ ਤੁਹਾਡਾ ਨਾਮ ਅਤੇ ਯੋਗ ਟੋਰਾਂਟੋ ਦਾ ਪਤਾ ਹੋਵੇਗਾ
- ਵੋਟਰਾਂ ਦੀ ਸੂਚੀ ਦੇ ਵਿਚ ਤੁਹਾਡੀ ਪਛਾਣ ਦੀ ਜਾਂਚ ਕਰੇਗਾ, ਅਤੇ ਫਿਰ ਸੂਚੀ ਵਿਚੋਂ ਤੁਹਾਡਾ ਨਾਮ ਕੱਟ ਦਵੇਗਾ
- ਤੁਹਾਡੇ ਵੋਟ-ਪਰਚੀ ਨੂੰ ਇਕ ਗੁਪਤ ਫੋਲਡਰ ਦੇ ਵਿਚ ਰੱਖੇਗਾ ਅਤੇ ਤੁਹਾਨੂੰ ਵੋਟ-ਪਰਚੀ ਤੇ ਨਿਸ਼ਾਨ ਲਾਉਣ ਦਾ ਤਰੀਕਾ ਦੱਸੇਗਾ
- ਤੁਹਾਨੂੰ ਵੋਟਿੰਗ ਸਕਰੀਨ ਦਾ ਰਸਤਾ ਵਿਖਾਏਗਾ

ਤੁਸੀਂ:




- ਆਪਣੀ ਪਸੰਦ ਦੇ ਉਮੀਦਵਾਰ ਦੇ ਸੱਜੇ ਪਾਸੇ ਮੌਜੂਦ ਅੰਡਾਕਾਰ ਨੂੰ ਭਰ ਕੇ ਆਪਣੀ ਵੋਟ-ਪਰਚੀ ਤੇ ਨਿਸ਼ਾਨ ਲਾਓਗੇ।
- ਵੋਟ-ਪਰਚੀ ਤੇ ਹਰੇਕ ਆਫਿਸ ਦੇ ਲਈ ਇੱਕ ਵਾਰ ਵੋਟ ਪਾਓਗੇ।
    - ਜੇਕਰ ਤੁਸੀਂ ਕੋਈ ਗਲਤੀ ਕਰਦੇ ਹੋ, ਜਾਂ ਆਪਣਾ ਮਨ ਬਦਲਦੇ ਹੋ ਕਿ ਤੁਸੀਂ ਕਿਸਨੂੰ ਵੋਟ ਪਾਉਣੀ ਹੈ, ਤਾਂ ਆਪਣੀ ਵੋਟ-ਪਰਚੀ ਨੂੰ ਚੋਣ ਅਧਿਕਾਰੀ ਦੇ ਕੋਲ ਲੈਕੇ ਜਾਓਗੇ ਜੋ ਤੁਹਾਡੀ ਵੋਟ-ਪਰਚੀ ਨੂੰ ਰੱਦ ਕਰੇਗਾ ਅਤੇ ਤੁਹਾਨੂੰ ਇੱਕ ਨਵੀਂ ਵੋਟ-ਪਰਚੀ ਦੇਵੇਗਾ।
- • ਆਪਣੀ ਨਿਸ਼ਾਨ ਲਗਾਈ ਵੋਟ-ਪਰਚੀ ਨੂੰ ਗੁਪਤ ਫੋਲਡਰ ਦੇ ਵਿਚ ਰੱਖੋਗੇ ਅਤੇ ਉਸਨੂੰ ਚੋਣ ਅਧਿਕਾਰੀ ਦੇ ਕੋਲ ਲੈਕੇ ਜਾਓਗੇ ਜੋ ਤੁਹਾਡੀ ਵੋਟ-ਪਰਚੀ ਨੂੰ ਟੈਬੂਲੇਟਰ ਦੇ ਵਿਚ ਫੀਡ ਕਰੇਗਾ।
    - ਜੇਕਰ ਤੁਹਾਡੀ ਵੋਟ-ਪਰਚੀ ਦੇ ਨਾਲ ਕੋਈ ਪਰੇਸ਼ਾਨੀ ਆਉਂਦੀ ਹੈ, ਤਾਂ ਟੈਬੂਲੇਟਰ ਉਸਨੂੰ ਵਾਪਿਸ ਕਰ ਦੇਵੇਗਾ। ਚੋਣ ਅਧਿਕਾਰੀ ਤੁਹਾਨੂੰ ਇੱਕ ਨਵੀਂ ਵੋਟ-ਪਰਚੀ ਪ੍ਰਾਪਤ ਕਰਨ ਜਾਂ ਟੈਬੂਲੇਟਰ ਦੁਆਰਾ ਤੁਹਾਡੀ ਨਿਸ਼ਾਨ ਲਗਾਈ ਵੋਟ-ਪਰਚੀ ਨੂੰ ਸਵੀਕਾਰ ਕਰਨ ਦਾ ਵਿਕਲਪ ਦੇਵੇਗਾ।

- ਜੇ ਤੁਹਾਡੇ ਕੋਲ ਵੋਟ-ਪਰਚੀ ਤੇ ਸਹੀ ਢੰਗ ਦੇ ਨਾਲ ਨਿਸ਼ਾਨ ਲਾਉਣ ਦੇ ਸੰਬੰਧ ਵਿਚ ਕੋਈ ਪ੍ਰਸ਼ਨ ਹੈ, ਤਾਂ ਕੋਈ ਵੀ ਚੋਣ ਅਧਿਕਾਰੀ ਤੁਹਾਨੂੰ ਖੁਸ਼ੀ ਨਾਲ ਵਿਆਖਿਆ ਕਰੇਗਾ।

- ਤੁਹਾਡੀ ਵੋਟ-ਪਰਚੀ ਦੇ ਟੈਬੂਲੇਟਰ ਦੁਆਰਾ ਸਵੀਕਾਰ ਹੋਣ ਤੇ ਤੁਸੀਂ ਸਫਲਤਾ ਨਾਲ ਵੋਟ ਪਾ ਦਿੱਤੀ ਹੈ

# ਐਲਾਨ

## ਨੰਬਰ 1 - ਯੋਗਤਾ ਦਾ ਐਲਾਨ

ਜੇਕਰ ਕੋਈ ਤੁਹਾਡੇ ਵੋਟ ਪਾਉਣ ਦੇ ਅਧਿਕਾਰ ‘ਤੇ ਪ੍ਰਸ਼ਨ ਕਰਦਾ ਹੈ, ਤਾਂ ਤੁਹਾਨੂੰ ਸਹੁੰ ਚੁੱਕ ਕੇ ਇੱਕ ਯੋਗਤਾ ਦਾ ਐਲਾਨ ਕਰਨ ਦੀ ਲੋੜ ਹੋਵੇਗੀ - ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਯੋਗ ਹੋ। (ਵੇਖੋ: ਯੋਗਤਾਵਾਂ)

> ਮੈਂ, (ਆਪਣਾ ਨਾਮ ਦੱਸੋ), ਐਲਾਨ ਕਰਦਾ ਹਾਂ ਕਿ ਮੈਂ ਇੱਕ ਯੋਗ ਵੋਟਰ ਜਾਂ ਅਤੇ ਮੈਂ ਇਸ ਚੋਣ ਦੇ ਵਿਚ ਹਾਲੇ ਤੱਕ ਵੋਟ ਨਹੀਂ ਪਾਈ ਹੈ।

## ਨੰਬਰ 2 - ਦੁਭਾਸ਼ੀਏ ਦਾ ਐਲਾਨ

ਜੇਕਰ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਇੱਕ ਅਜਿਹੇ ਵਿਅਕਤੀ ਨੂੰ ਆਪਣਾ ਦੁਭਾਸ਼ੀਏ ਬਣਾ ਸਕਦੇ ਹੋ ਜੋ ਇੱਕ ਉਮੀਦਵਾਰ ਜਾਂ ਇੱਕ ਸਕਰੂਟਿਨੀਅਰ ਨਹੀਂ ਹੈ।

ਸਹਾਇਤਾ ਕਰਨ ਤੋਂ ਪਹਿਲਾਂ ਦੁਭਾਸ਼ੀਏ ਨੂੰ ਸਹੁੰ ਚੁੱਕ ਕੇ ਐਲਾਨ ਕਰਨਾ ਚਾਹੀਦਾ ਹੈ। ਉਹ ਤੁਹਾਡੇ ਨਾਲ ਵੋਟਿੰਗ ਸਕਰੀਨ ਦੇ ਪਿੱਛੇ ਨਹੀਂ ਜਾ ਸਕਦੇ ਹਨ।

> ਮੈਂ, (ਆਪਣਾ ਨਾਮ ਦੱਸੋ), ਇਹ ਐਲਾਨ ਕਰਦਾ ਹਾਂ ਕਿ ਮੈਂ ਮਤਦਾਤਾ ਦੇ ਅੱਗੇ ਰੱਖੇ ਗਏ ਕਿਸੇ ਵੀ ਐਲਾਨ, ਦਸਤਾਵੇਜ ਜਾਂ ਪ੍ਰਸ਼ਨ ਅਤੇ ਉੱਤਰ ਦਾ ਸਚਾਈ ਦੇ ਨਾਲ ਅਨੁਵਾਦ ਕਰਾਂਗਾ।

## ਨੰਬਰ 3 - ਵੋਟਰ ਦੇ ਦੋਸਤ ਦਾ ਐਲਾਨ

ਜੇਕਰ ਤੁਸੀਂ ਵੋਟ-ਪਰਚੀ ‘ਤੇ ਨਿਸ਼ਾਨ ਨਹੀਂ ਲਗਾ ਸਕਦੇ ਹੋ, ਤਾਂ ਤੁਸੀਂ ਆਪਣੇ ਦੋਸਤ ਦੀ ਸਹਾਇਤਾ ਲੈ ਸਕਦੇ ਹੋ। ਦੋਸਤ ਨੂੰ ਸਹੁੰ ਚੁੱਕ ਕੇ ਇੱਕ ਐਲਾਨ ਕਰਨਾ ਚਾਹੀਦਾ ਹੈ। ਦੋਸਤ ਵਜੋਂ ਕੰਮ ਕਰ ਰਿਹਾ ਵਿਅਕਤੀ ਤੁਹਾਡੇ ਨਾਲ ਵੋਟਿੰਗ ਸਕਰੀਨ ਦੇ ਪਿੱਛੇ ਜਾ ਸਕਦਾ ਹੈ। ਨਰਸਿੰਗ ਹੋਮਾਂ, ਜਾਂ ਪਰਿਵਾਰ ਦੇ ਸਦੱਸਾਂ ਦੇ ਅਲਾਵਾ ਕੋਈ ਵਿਅਕਤੀ ਕੇਵਲ ਇੱਕ ਵਾਰ ਦੋਸਤ ਬਣ ਸਕਦਾ ਹੈ।

ਮੈਂ, (ਆਪਣਾ ਨਾਮ ਦੱਸੋ), ਐਲਾਨ ਕਰਦਾ/ਕਰਦੀ ਹਾਂ ਕਿ ਮੈਂ:

- ਵੋਟਰ ਦੇ ਨਿਰਦੇਸ਼ ਦੇ ਅਨੁਸਾਰ ਵੋਟ-ਪਰਚੀ ਤੇ ਨਿਸ਼ਾਨ ਲਗਾਵਾਂਗਾ
- ਵੋਟਰ ਦੁਆਰਾ ਚੋਣ ਕਰਨ ਦੇ ਵਿਚ ਉਸ ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਨਹੀਂ ਕਰਾਂਗਾ/ਕਰਾਂਗੀ
- ਇਸਨੂੰ ਗੁਪਤ ਰੱਖਾਂਗਾ ਕਿ ਵੋਟਰ ਨੇ ਕਿਸ ਨੂੰ ਵੋਟ ਪਾਈ ਹੈ

# ਪਛਾਣ ਦੀਆਂ ਉਦਾਹਰਣਾਂ

**ਪਛਾਣ ਜੋ ਕਿ ਤੁਹਾਡਾ ਨਾਮ ਅਤੇ ਤੁਹਾਡਾ ਯੋਗ ਟੋਰਾਂਟੋ ਦਾ ਪਤਾ ਵਿਖਾਏਗੀ। ਵੋਟਰ ਜਾਣਕਾਰੀ ਕਾਰਡ ਨੂੰ ਪਛਾਣ ਦੇ ਲਈ ਨਹੀਂ ਵਰਤਿਆ ਜਾ ਸਕਦਾ।**

- ਓਨਟੇਰੀਓ ਡਰਾਈਵਰ ਦਾ ਲਸੰਸ
- ਓਨਟੇਰੀਓ ਹੈਲਥ ਕਾਰਡ (ਪਤੇ ਵਾਲਾ ਫੋਟੋ ਕਾਰਡ)
- ਓਨਟੇਰੀਓ ਫੋਟੋ ਕਾਰਡ
- ਓਨਟੇਰੀਓ ਮੋਟਰ ਵਾਹਨ ਪਰਮਿਟ (ਵਾਹਨ ਪੋਰਸ਼ਨ)
- ਰੱਦ ਕੀਤਾ ਗਿਆ ਪਰਸਨਲਾਈਜ਼ਡ ਚੈਕ
- ਓਨਟੇਰੀਓ ਦੇ ਵਿਚ ਸੰਪਤੀ ਦੇ ਨਾਲ ਸੰਬੰਧਿਤ ਮੋਰਗੇਜ ਬਿਆਨ, ਲੀਜ਼ ਜਾਂ ਕਿਰਾਏ ਦਾ ਸਮਝੌਤਾ
- ਬੀਮਾ ਪਾਲਿਸੀ ਜਾਂ ਬੀਮੇ ਦਾ ਬਿਆਨ
- ਲੋਨ ਦਾ ਇਕਰਾਰਨਾਮਾ ਜਾਂ ਕਿਸੇ ਵਿੱਤੀ ਸੰਸਥਾ ਦੁਆਰਾ ਦਿੱਤਾ ਗਿਆ ਕੋਈ ਹੋਰ ਵਿੱਤੀ ਇਕਰਾਰਨਾਮਾ
- ਓਨਟੇਰੀਓ ਦੀ ਕਿਸੇ ਕਚਹਿਰੀ ਦੁਆਰਾ ਜਾਰੀ ਕੀਤਾ ਗਿਆ ਜਾਂ ਪ੍ਰਮਾਣਿਤ ਦਸਤਾਵੇਜ
- ਕਨੇਡਾ ਦੀ ਸਰਕਾਰ, ਓਨਟੇਰੀਓ ਜਾਂ ਓਨਟੇਰੀਓ ਦੀ ਨਗਰ ਪਾਲਿਕਾ ਜਾਂ ਕਿਸੇ ਏਜੰਸੀ ਜਾਂ ਕਿਸੇ ਅਜਿਹੀ ਸਰਕਾਰ ਦਾ ਕੋਈ ਹੋਰ ਦਸਤਾਵੇਜ
- ਇੰਡੀਅਨ ਐਕਟ (ਕਨੇਡਾ) ਦੇ ਅਧੀਨ ਸਥਾਪਿਤ ਓਨਟੇਰੀਓ ਦੇ ਵਿਚ ਕਿਸੇ ਬੈਂਡ ਕਾਉਂਸਿਲ ਦਾ ਇੱਕ ਦਸਤਾਵੇਜ
- ਆਮਦਨੀ ਕਰ ਅਸੈਸਮੈਂਟ ਨੋਟਿਸ
- ਚਾਈਲਡ ਟੈਕਸ ਬੈਨਿਫਿਟ ਸਟੇਟਮੈਂਟ
- ਦਿੱਤੇ ਗਏ ਰੁਜ਼ਗਾਰ ਬੀਮਾ ਬੈਨਿਫਿਟਾਂ ਦੀ ਸਟੇਟਮੈਂਟ T4E
- ਬਜ਼ੁਰਗ ਸੁਰੱਖਿਆ ਦੀ ਸਟੇਟਮੈਂਟ T4A (OAS)
- ਕਨੇਡਾ ਪੈਨਸ਼ਨ ਪਲਾਨ ਬੈਨਿਫਿਟਾਂ ਦੀ ਸਟੇਟਮੈਂਟ T4A (P)
- ਕਨੇਡਾ ਪੈਨਸ਼ਨ ਪਲਾਨ ਵਿੱਚ ਯੋਗਦਾਨਾਂ ਦੀ ਸਟੇਟਮੈਂਟ
- ਓਨਟੇਰੀਓ ਵਰਕਸ ਲਈ ਡਾਇਰੈਕਟ ਡਿਪਾਜਿਟ ਦੀ ਸਟੇਟਮੈਂਟ
- ਓਨਟੇਰੀਓ ਡਿਸਏਬਿਲਿਟੀ ਸਪੋਰਟਟ ਪ੍ਰੋਗਰਾਮ ਦੇ ਲਈ ਡਾਇਰੈਕਟ ਡਿਪਾਜਿਟ ਦੀ ਸਟੇਟਮੈਂਟ
- ਕੰਮ ਦੇ ਸਥਾਨ ਦੀ ਸੁਰੱਖਿਆ ਅਤੇ ਬੀਮਾ ਬੋਰਡ ਦੀ ਲਾਭਾਂ ਦੀ ਸਟੇਟਮੈਂਟ T5007
- ਸੰਪਤੀ ਟੈਕਸ ਅਸੈਸਮੈਂਟ
- ਕਰੈਡਿਟ ਕਾਰਡ ਸਟੇਟਮੈਂਟ, ਬੈਂਕ ਅਕਾਊਂਟ ਸਟੇਟਮੈਂਟ, ਜਾਂ RRSP, RRIF, RHOSP ਜਾਂ T5 ਸਟੇਟਮੈਂਟ
- CNIB ਕਾਰਡ ਜਾਂ ਕਿਸੇ ਹੋਰ ਰਜਿਸਟਰਡ ਚੈਰੀਟੇਬਲ ਸੰਸਥਾ ਦਾ ਕਾਰਡ ਜੋ ਕਿ ਅਯੋਗ ਵਿਅਕਤੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੀ ਹੈ
- ਹਸਪਤਾਲ ਦਾ ਕਾਰਡ ਜਾਂ ਰਿਕਾਰਡ
- ਦਸਤਾਵੇਜ ਜੋ ਕੈਂਪਸ ਦੀ ਰਿਹਾਇਸ਼ ਦਿਖਾਉਂਦਾ ਹੈ, ਜਿਸ ਨੂੰ ਕਿਸੇ ਪੋਸਟ ਸਕੈਂਡਰੀ ਸੰਸਥਾ ਦੇ ਵਿਚ ਵਿਦਿਆਰਥੀ ਦੀ ਰਿਹਾਇਸ਼ ਦੇ ਲਈ ਆਫਿਸ ਜਾਂ ਅਧਿਕਾਰੀਆਂ ਦੁਆਰਾ ਜਾਰੀ ਕੀਤਾ ਗਿਆ ਹੈ
- ਘਰ ਦੇ ਲਈ ਪ੍ਰਬੰਧਕ ਦੁਆਰਾ ਜਾਰੀ ਦਸਤਾਵੇਜ ਜੋ ਲੰਬੀ ਮਿਆਦ ਦੀ ਦੇਖਭਾਲ ਰਿਹਾਇਸ਼ ਕਾਨੂੰਨ 2007 ਦੇ ਅਧੀਨ ਇੱਕ ਲੰਬੀ ਮਿਆਦ ਦੀ ਦੇਖਭਾਲ ਰਿਹਾਇਸ਼ ਪ੍ਰਸਤੁਤ ਕਰਦਾ ਹੈ
- ਹਾਈਡਰੋ, ਪਾਣੀ, ਗੈਸ, ਟੈਲੀਫੋਨ ਜਾਂ ਕੇਬਲ ਟੀਵੀ ਦੇ ਲਈ ਯੂਟੀਲਿਟੀ ਬਿਲ ਜਾਂ ਕਿਸੇ ਪਬਲਿਕ ਯੂਟੀਲਿਟੀ ਕਮੀਸ਼ਨ ਦਾ ਇੱਕ ਬਿੱਲ
- ਚੈਕ ਸਟੱਬ, T4 ਸਟੇਟਮੈਂਟ ਜਾਂ ਰੁਜ਼ਗਾਰਦਾਤਾ ਦੁਆਰਾ ਜਾਰੀ ਤਨਖਾਹ ਦੀ ਰਸੀਦ
- ਇੱਕ ਪੋਸਟ ਸਕੈਂਡਰੀ ਸਕੂਲ ਦੀ ਟ੍ਰਾਂਸਕ੍ਰਿਪਟ ਜਾਂ ਰਿਪੋਰਟ ਕਾਰਡ